ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ), ਪੰਜਾਬ, ਸਾਹਿਬਜਾਦਾ ਅਜੀਤ ਸਿੰਘ ਨਗਰ
(ਕੋਆਰਡੀਨੇਸ਼ਨ ਸ਼ਾਖਾ)

ਸੇਵਾ ਵਿਖੇ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ/ਐਸਿ), ਪੰਜਾਬ।
(ਵੈਬਸਾਈਟ ਰਾਹੀਂ)

ਮੀਮੋ ਨੰ. 299686/2022 262046-049
ਮਿਤੀ 30-09-2022

ਵਿਸ਼ਾ: ਪਦਉੱਨਤੀ/ਭਰਤੀ ਲਈ ਟਾਈਪ/ਸ਼ਾਰਟਹੈਂਡ ਦਾ ਟੈਸਟ ਲੈਣ ਸਬੰਧੀ।

ਹਵਾਲਾ: ਪੰਜਾਬ ਸਰਕਾਰ, ਉਚੇਰੀ ਸਿੱਖਿਆ ਅਤੇ ਭਾਸ਼ਾ ਵਿਭਾਗ (ਸਿੱਖਿਆ ਸੈੱਲ) ਦਾ ਪੱਤਰ ਨੰ. LDPP/10/2022-KHETAR/I/418557/2022 ਮਿਤੀ 01.09.2022.

ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰ ਦੀ ਕਾਪੀ ਆਪ ਨੂੰ ਯੋਗ ਕਾਰਵਾਈ ਹਿੱਤ ਭੇਜੀ ਜਾਂਦੀ ਹੈ।

ਨੱਥੀ ਉਕਤ ਅਨੁਸਾਰ

(ਜਸਕੀਰਤ ਕੌਰ)
ਸਹਾਇਕ ਡਾਇਰੈਕਟਰ (ਕੋਆਰਡੀਨੇਸ਼ਨ)

ਪਿੰ.ਅੰ.ਨੰ. ਉਕਤ/2022262046-049 ਮਿਤੀ 30-09-2022

ਉਤਾਰਾ ਹੇਠ ਲਿਖਿਆ ਨੂੰ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਸਮੂਹ ਅਧਿਕਾਰੀ/ਸ਼ਾਖਾ ਮੁਖੀ, ਦ. ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।
2. ਸਮੂਹ ਅਧਿਕਾਰੀ/ਸ਼ਾਖਾ ਮੁਖੀ, ਦ. ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ/ਐਸਿ), ਪੰਜਾਬ।
3. ਸਮੂਹ ਅਧਿਕਾਰੀ/ਸ਼ਾਖਾ ਮੁਖੀ, ਦ. ਡਾਇਰੈਕਟਰ ਐਸ.ਸੀ.ਈ.ਆਰ.ਟੀ. ਪੰਜਾਬ।

(ਜਸਕੀਰਤ ਕੌਰ)
ਸਹਾਇਕ ਡਾਇਰੈਕਟਰ (ਕੋਆਰਡੀਨੇਸ਼ਨ)

1726223/2022/RECORD-DPISE

File No.LDPP/10/2022-KHETAR

1/418557/2022

ਪੰਜਾਬ ਸਰਕਾਰ
ਉਚੇਰੀ ਸਿੱਖਿਆ ਤੇ ਭਾਸ਼ਾ ਵਿਭਾਗ
(ਸਿੱਖਿਆ ਸੈੱਲ)

ਸੇਵਾ ਵਿਖੇ,

ਰਾਜ ਦੇ ਸਮੂਹ ਵਿਭਾਗਾਂ ਦੇ ਮੁਖੀ,
ਸਮੂਹ ਡਵਿਜ਼ਨਾਂ ਦੇ ਕਮਿਸ਼ਨਰ, ਸਮੂਹ ਡਿਪਟੀ ਕਮਿਸ਼ਨਰ,
ਸਮੂਹ ਬੋਰਡਾਂ, ਕਾਰਪੋਰੇਸ਼ਨਾਂ ਦੇ ਮੁਖੀ,
ਜ਼ਿਲ੍ਹਾ ਅਤੇ ਸੈਸ਼ਨ ਜੱਜ, ਉਪ ਮੰਡਲ ਅਫਸਰ(ਸਿਵਲ) ਅਤੇ
ਰਜਿਸਟਰਾਰ, ਪੰਜਾਬ ਹਰਿਆਣਾ ਹਾਈਕੋਰਟ।
ਮਿਤੀ,ਚੰਡੀਗੜ੍ਹ:1.09.2022

ਵਿਸ਼ਾ:- ਪਦਉੱਨਤੀ/ਭਰਤੀ ਲਈ ਟਾਈਪ/ਸ਼ਾਰਟਹੈਂਡ ਦਾ ਟੈਸਟ ਲੈਣ ਸਬੰਧੀ।

****

ਸ੍ਰੀਮਾਨ/ਸ੍ਰੀਮਤੀ ਜੀ

ਉਪਰੋਕਤ ਵਿਸ਼ੇ ਤੇ ਸਰਕਾਰ ਦੇ ਪੱਤਰ ਨੰ.6/14/18-2/ਸਿ.ਸੈੱਲ/312, ਮਿਤੀ 17-01-2022 ਅਤੇ ਪੱਤਰ ਨੰ: 6/5/2022-2ਸਿ.ਸੈੱਲ/1/372814/2022 ਮਿਤੀ 07/06/2022 ਰਾਹੀਂ ਵੱਖ ਵੱਖ ਵਿਭਾਗਾਂ/ਬੋਰਡਾਂ/ਕਾਰਪੋਰੇਸ਼ਨਾਂ/ਯੂਨੀਵਰਸਿਟੀਆਂ ਅਤੇ ਹੋਰ ਸੰਸਥਾਵਾਂ ਵੱਲੋਂ ਉਨ੍ਹਾਂ ਦੇ ਦਫ਼ਤਰਾਂ ਦੇ ਕਰਮਚਾਰੀਆਂ/ਅਧਿਕਾਰੀਆਂ ਦੀ ਭਰਤੀ/ਪਦਉਨਤੀ ਕਰਨ ਲਈ ਟਾਈਪ/ਸ਼ਾਰਟਹੈਂਡ ਦਾ ਟੈਸਟ ਲੈਣ ਸਬੰਧੀ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ।

2.0 ਭਾਸ਼ਾ ਵਿਭਾਗ, ਪੰਜਾਬ ਵਿੱਚ ਇਨਸਟਰਕਟਰਾਂ ਦੀ ਘਾਟ ਨੂੰ ਮੁੱਖ ਰੱਖਦੇ ਹੋਏ ਕਰਮਚਾਰੀਆਂ/ਅਧਿਕਾਰੀਆਂ ਦੀ ਭਰਤੀ/ਪਦਉਨਤੀ ਕਰਨ ਲਈ ਟਾਈਪ/ਸ਼ਾਰਟਹੈਂਡ ਦਾ ਟੈਸਟ ਲੈਣ ਲਈ ਹੇਠ ਲਿਖੇ ਅਨੁਸਾਰ ਕਲੱਸਟਰ ਬਣਾਏ ਜਾਂਦੇ ਹਨ:-

| ਲੜੀ ਨੰਬਰ | ਕੋਆਰਡੀਨੇਟਰ ਜ਼ਿਲ੍ਹਾ | ਸ਼ਾਮਿਲ ਜ਼ਿਲ੍ਹੇ | ਪ੍ਰੀਖਿਆ ਕੇਂਦਰ/ ਕੋਆਰਡੀਨੇਟਰ ਦੇ ਦਫਤਰ ਦੀ ਮੇਲ ਆਈ.ਡੀ. |
|---|---|---|---|
| 1. | ਬਠਿੰਡਾ | ਬਠਿੰਡਾ, ਫਰੀਦਕੋਟ, ਫਾਜ਼ਿਲਕਾ, ਫਿਰੋਜ਼ਪੁਰ, ਸ੍ਰੀ ਮੁਕਤਸਰ ਸਾਹਿਬ | dlobathinda520@gmail.com |
| 2. | ਸੰਗਰੂਰ | ਸੰਗਰੂਰ, ਮਾਨਸਾ, ਬਰਨਾਲਾ, ਮਾਲੇਰਕੋਟਲਾ, ਮੋਗਾ | dlo.sangrur2019@gmail.com |
| 3, | ਪਟਿਆਲਾ | ਪਟਿਆਲਾ, ਸ੍ਰੀ ਫਤਿਹਗੜ੍ਹ ਸਾਹਿਬ, ਲੁਧਿਆਣਾ | khetar.pblanguages@gmail.com |
| 4. | ਜਲੰਧਰ | ਜਲੰਧਰ, ਹੁਸ਼ਿਆਰਪੁਰ, ਕਪੂਰਥਲਾ, ਨਵਾਂ ਸ਼ਹਿਰ | jalandhar.dlo@gmail.com |
| 5. | ਸ੍ਰੀ ਅੰਮ੍ਰਿਤਸਰ ਸਾਹਿਬ | ਸ੍ਰੀ ਅੰਮ੍ਰਿਤਸਰ ਸਾਹਿਬ, ਤਰਨ ਤਾਰਨ , ਪਠਾਨਕੋਟ, ਗੁਰਦਾਸਪੁਰ | amritsar.dlo@gmail.com |
| 6. | ਚੰਡੀਗੜ੍ਹ | ਚੰਡੀਗੜ੍ਹ ਅਤੇ ਮੁਹਾਲੀ ਸਥਿਤ ਸਾਰੇ ਮੁੱਖ ਦਫਤਰ ਅਤੇ ਮੁਹਾਲੀ ਜ਼ਿਲ੍ਹੇ ਨਾਲ ਸਬੰਧਤ ਫੀਲਡ ਦਫਤਰ ਅਤੇ ਰੂਪਨਗਰ | adlanguagechd@gmail.com |

3.0 ਪ੍ਰੀਖਿਆ ਜਨਵਰੀ, ਅਪ੍ਰੈਲ, ਜੁਲਾਈ ਅਤੇ ਅਕਤੂਬਰ ਮਹੀਨੇ ਵਿੱਚ ਲਈ ਜਾਵੇਗੀ। ਜਿਹੜੇ ਵਿਭਾਗ ਆਪਣੇ ਕਰਮਚਾਰੀਆਂ ਦਾ ਟਾਈਪ/ਸ਼ਾਰਟਹੈਂਡ ਦਾ ਟੈਸਟ ਭਾਸ਼ਾ ਵਿਭਾਗ ਰਾਹੀਂ ਦਿਵਾਉਣ ਦੇ ਇਛੁੱਕ ਹਨ, ਉਹ ਆਪਣੇ ਕਰਮਚਾਰੀਆਂ ਦੀ ਸੂਚੀ ਵੇਰਵੇ ਸਹਿਤ ਮਿਤੀ 7 ਦਸੰਬਰ, 7 ਮਾਰਚ, 7 ਜੂਨ ਅਤੇ 7 ਸਤੰਬਰ ਤੱਕ ਹਰ ਹਾਲਤ ਵਿੱਚ ਆਪਣੇ ਕਲੱਸਟਰ ਦੇ ਕੋਆਰਡੀਨੇਟਰ/ਜ਼ਿਲ੍ਹਾ ਭਾਸ਼ਾ ਅਫਸਰ ਨੂੰ ਭੇਜਣੇ ਯਕੀਨੀ ਬਣਾਉਣਗੇ। ਇਸ ਮਿਤੀ ਤੋਂ ਬਾਅਦ ਪ੍ਰਾਪਤ ਪੱਤਰਾਂ ਬਿਨ੍ਹਾਂ ਸੂਚਨਾ ਦੇ ਰੱਦ ਕਰ ਦਿੱਤਾ ਜਾਵੇਗਾ।

4.0 ਜਿਨ੍ਹਾਂ ਵਿਭਾਗਾਂ/ਬੋਰਡਾਂ/ਕਾਰਪੋਰੇਸ਼ਨਾਂ/ਯੂਨੀਵਰਸਿਟੀਆਂ ਆਦਿ ਦੇ ਟੈਸਟ ਦੇਣ ਵਾਲੇ ਉਮੀਦਵਾਰਾਂ ਦੀ ਗਿਣਤੀ 50 ਤੋਂ ਜ਼ਿਆਦਾ ਹੋਵੇਗੀ ਉਨ੍ਹਾਂ ਵਿੱਚ ਇੰਸਟ੍ਰਕਟਰ/ਸਟਾਫ ਨੂੰ ਟੈਸਟ ਲੈਣ ਲਈ ਉਪਰੋਕਤ ਮਹੀਨਿਆਂ ਵਿੱਚ ਨਿਸਚਿਤ ਕੀਤੀਆਂ ਗਈਆਂ ਮਿਤੀਆਂ ਨੂੰ ਭੇਜ ਦਿੱਤਾ ਜਾਇਆ ਕਰੇਗਾ।

5.0 ਜਿਨ੍ਹਾਂ ਵਿਭਾਗਾਂ/ਬੋਰਡਾਂ/ਕਾਰਪੋਰੇਸ਼ਨਾਂ/ਯੂਨੀਵਰਸਿਟੀਆਂ ਆਦਿ ਵਲੋਂ ਇਸ਼ਤਿਹਾਰੀ ਭਰਤੀ ਕੀਤੀ ਜਾਣੀ ਹੋਵੇ ਤਾਂ ਵਿਭਾਗ ਵਲੋਂ ਪ੍ਰੀਖਿਆ ਲੈਣ ਲਈ ਇੰਸਟ੍ਰਕਟਰ/ਸਟਾਫ ਦੀ ਡਿਊਟੀ ਲਗਾ ਦਿੱਤੀ ਜਾਵੇਗੀ।

ਅਧੀਨ ਸਕੱਤਰ
ਉਚੇਰੀ ਸਿੱਖਿਆ ਤੇ ਭਾਸ਼ਾ ਵਿਭਾਗ

ਉਪਰੋਕਤ ਦਾ ਇੱਕ ਉਤਾਰਾ ਸਮੂਹ ਵਿਸ਼ੇਸ਼ ਮੁੱਖ ਸਕੱਤਰਾਂ, ਵਧੀਕ ਮੁੱਖ ਸਕੱਤਰਾਂ ਵਿੱਤੀ ਕਮਿਸ਼ਨਰਾਂ, ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣੇ ਪ੍ਰਬੰਧਕੀ ਕੰਟਰੋਲ ਅਧੀਨ ਵਿਭਾਗਾਂ, ਬੋਰਡਾਂ ਅਤੇ ਕਾਰਪੋਰੇਸ਼ਨਾਂ ਦੇ ਸਮੂਹ ਅਧਿਕਾਰੀਆਂ/ਕਰਮਚਾਰੀਆਂ ਵਲੋਂ ਉਕਤ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕਰਨ ਲਈ ਲੋੜੀਂਦੀਆਂ ਹਦਾਇਤਾਂ ਜਾਰੀ ਕਰਨ ਦੀ ਕ੍ਰਿਪਾਲਤਾ ਕਰਨ।

ਅਧੀਨ ਸਕੱਤਰ
ਉਚੇਰੀ ਸਿੱਖਿਆ ਤੇ ਭਾਸ਼ਾ ਵਿਭਾਗ

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ ਵਿਸ਼ੇਸ਼ ਮੁੱਖ ਸਕੱਤਰ, ਵਧੀਕ ਮੁੱਖ ਸਕੱਤਰ, ਵਿੱਤੀ ਕਮਿਸ਼ਨਰ,
ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ।